# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ
# ਈ-ਬਲਾਕ, ਚੋਥੀਂ ਮੰਜ਼ਿਲ, ਪੰ.ਸ.ਸਿੱ.ਬੋ. ਫੇਸ-8, ਅਜੀਤਗੜ੍ਹ

---

**ਵਿਸ਼ਾ:- ਸਾਲ 2014-15 ਦੌਰਾਨ ਸਿੱਖਿਆ ਵਿਭਾਗ ਵਿੱਚ ਬਦਲੀਆਂ ਸਬੰਧੀ ਨੀਤੀ।**

1. ਆਮ ਬਦਲੀਆਂ ਸਿਰਫ ਮੰਨਜੂਰ ਸ਼ੁਦਾ ਖਾਲੀ ਆਸਾਮੀਆਂ ਉੱਤੇ ਸਕੂਲਾਂ ਦੀ ਜਰੂਰਤ ਅਨੁਸਾਰ ਹੀ ਕੀਤੀਆਂ ਜਾਣਗੀਆਂ ਅਤੇ ਬਦਲੀਆਂ ਲਈ ਨਿਰਧਾਰਤ ਆਖਰੀ ਮਿਤੀ ਤੱਕ ਅਪਲਾਈ ਕਰਨ ਵਾਲੇ ਬਿਨੈਕਾਰਾਂ ਦੀਆਂ ਅਰਜੀਆਂ ਹੀ ਵਿਚਾਰੀਆਂ ਜਾਣਗੀਆਂ।

2. ਅਰਜੀਆਂ ਸਿਰਫ ਉਹਨਾ ਕਰਮਚਾਰੀਆਂ ਦੀਆਂ ਹੀ ਲਈਆਂ ਜਾਣਗੀਆਂ ਜਿਹਨਾ ਵਿਰੁੱਧ ਵਿਭਾਗੀ ਪੜਤਾਲ ਲੰਬਿਤ ਨਾ ਹੋਵੇ ਅਤੇ ਮੌਜੂਦਾ ਸਕੂਲ ਵਿਖੇ ਘੱਟ ਤੋ ਘੱਟ 3 ਸਾਲ ਦੀ ਠਹਿਰ ਹੋਵੇ । ਭਾਵੇ ਕਿ ਉਸ ਦੀ ਮੌਜੂਦਾ ਸਕੂਲ ਵਿਚ ਹਾਜਰੀ ਦੀ ਮਿਤੀ 31/07/2011 ਜਾਂ ਉਸ ਤੋ ਪਹਿਲਾਂ ਦੀ ਹੋਵੇ।ਜਿਲ੍ਹਾ ਸਿੱਖਿਆ ਅਫਸਰ ਸੁਵਿਧਾ ਲਈ ਇਕ ਕਮੇਟੀ ਗਠਿਤ ਕਰ ਸਕਦਾ ਹੈ।

3. ਜਿਨ੍ਹਾਂ ਕਰਮਚਾਰੀਆਂ ਨੂੰ ਪਦ-ਉਨਤੀ ਉਪਰੰਤ ਆਪਣਾ ਵਰਤਮਾਨ (ਸਿਟਿੰਗ) ਸਟੇਸ਼ਨ ਹੀ ਮਿਲਿਆ ਹੈ ਉਨ੍ਹਾਂ ਦੀ ਠਹਿਰ ਦਾ ਸਮਾਂ ਉਸ ਸਕੂਲ ਵਿਚ ਕੀਤੀ ਪੂਰੀ ਸਰਵਿਸ ਦੇ ਬਰਾਬਰ ਮੰਨਿਆ ਜਾਵੇਗਾ।

4. ਸ਼ਰਪਲੱਸ ਖਾਲੀ ਅਸਾਮੀ ਤੇ ਕੋਈ ਬਦਲੀ ਨਹੀ ਕੀਤੀ ਜਾਵੇਗੀ। ਜੇਕਰ ਫਿਰ ਵੀ ਬਦਲੀ ਹੋ ਜਾਂਦੀ ਹੈ ਤਾਂ ਅਜਿਹੇ ਕਰਮਚਾਰੀ ਨੂੰ ਸਕੂਲ ਮੁੱਖੀ ਅਤੇ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਹਾਜਰ ਨਹੀ ਕਰਵਾਇਆ ਜਾਵੇਗਾ। ਸਾਇੰਸ /ਕਾਮਰਸ ਲੈਕਚਰਾਰ ਅਤੇ ਵੋਕੇਸ਼ਨਲ ਮਾਸਟਰਾਂ ਦੀਆ ਬਦਲੀਆਂ ਉਨ੍ਹਾਂ ਸਕੂਲਾਂ ਵਿੱਚ ਹੀ ਕੀਤੀਆਂ ਜਾਣਗੀਆਂ ਜਿਨ੍ਹਾਂ ਵਿੱਚ ਸਬੰਧਤ ਗਰੁੱਪ ਚਲਦੇ ਹਨ। (ਭਾਵ ਜਿੱਥੇ +1 ਜਾਂ +2 ਕਲਾਸਾਂ ਵਿੱਚੋਂ ਕਿਸੇ ਵੀ ਇੱਕ ਜਮਾਤ ਵਿੱਚ ਵਿੱਦਿਆਰਥੀਆਂ ਦੀ ਗਿਣਤੀ 15 ਜਾਂ 15 ਤੋਂ ਵੱਧ ਹੈ ਜਾਂ ਦੋਵਾਂ ਜਮਾਤਾਂ ਵਿੱਚ ਵਿੱਦਿਆਰਥੀਆਂ ਦੀ ਕੁੱਲ ਗਿਣਤੀ 25 ਜਾਂ 25 ਤੋਂ ਵੱਧ ਹੈ, ਇਹ Healthy ਗਰੁੱਪ ਮੰਨੇ ਜਾਣਗੇ। ਉਪਰੋਕਤ ਸ਼ਰਤ ਪੂਰੀ ਨਾ ਕਰਨ ਵਾਲੇ ਬਾਕੀ ਗਰੁਪ ਡੈਡ ਗਰੁੱਪ ਮੰਨੇ ਜਾਣਗੇ)।ਇਹਨਾ ਡੈਡ ਗਰੁੱਪਾਂ ਵਿੱਚ ਸਾਇੰਸ / ਕਾਮਰਸ ਲੈਕਚਰਾਰ ਅਤੇ ਵੋਕੇਸ਼ਨਲ ਮਾਸਟਰਾਂ ਦੀਆ ਅਸਾਮੀਆ ਸਰਪਲਸ ਮੰਨੀਆਂ ਜਾਣਗੀਆਂ ਅਤੇ ਇਹਨਾ ਅਸਾਮੀਆਂ ਤੇ ਬਦਲੀਆਂ ਨਹੀ ਕੀਤੀਆਂ ਜਾਣਗੀਆਂ।

5. ਬਦਲੀਆਂ ਲਈ ਖਾਲੀ ਥਾਵਾਂ ਦੀ ਸੂਚੀ ਜ਼ਿਲਾ ਸਿੱਖਿਆ ਅਫਸਰਾਂ ਦੀਆਂ ਚੱਲ ਰਹੀਆਂ ਵੈਬਸਾਇਟਸ ਤੋਂ ਹੀ ਲਈ ਜਾਵੇਗੀ, ਜਿਲ੍ਹਾ ਸਿੱਖਿਆ ਅਫਸਰ ਵੱਲੋਂ ਸੀ ਐਂਡ ਵੀ ਕੇਡਰ/ ਮਾਸਟਰ ਕੇਡਰ/ ਆਰਟਸ ਲੈਕਚਰਾਰਾਂ ਦੀਆਂ ਅਸਾਮੀਆਂ ਨੂੰ ਵੈਬਸਾਇਟ ਉਪਰ ਰੈਸਨੇਲਾਈਜੇਸ਼ਨ ਪਾਲਸੀ 2013 ਅਨੁਸਾਰ ਖਾਲੀ ਜਾਂ ਸਰਪਲਸ

ਦਿਖਾਇਆ ਜਾਵੇ ਅਤੇ ਸਾਇੰਸ / ਕਾਮਰਸ ਅਤੇ ਵੋਕੇਸ਼ਨਲ ਦੇ ਡੈਡ ਗਰੁੱਪਾਂ (ਉਪਰੋਕਤ ਲੜੀ ਨੰ. 4 ਅਨੁਸਾਰ) ਵਾਲੇ ਵਿਸ਼ਿਆਂ ਦੀਆਂ ਅਸਾਮੀਆਂ ਨੂੰ ਸਰਪਲੱਸ ਦਿਖਾਇਆ ਜਾਵੇ। ਜੇਕਰ ਕਿਸੇ ਰੈਗੂਲਰ ਮਨਜੂਰ-ਸੁਦਾ ਖਾਲੀ ਅਸਾਮੀ ਤੇ ਐਸ.ਐਸ.ਏ ਅਧੀਨ ਕੋਈ ਕਰਮਚਾਰੀ ਕੰਮ ਕਰ ਰਿਹਾ ਹੈ ਤਾਂ ਉਸ ਅਸਾਮੀ ਦੇ ਵਿਰੁੱਧ ਬਦਲੀ ਨਹੀ ਕੀਤੀ ਜਾਵੇਗੀ। ਵੈਬਸਾਈਟ ਵਿਚ ਖਾਲੀ ਥਾਵਾ ਅਤੇ ਸਰਪਲੱਸ ਅਸਾਮੀਆਂ ਦਿਖਾਉਣ ਵਿੱਚ ਕਿਸੇ ਵੀ ਤਰ੍ਹਾਂ ਦੀ ਤਰੁੱਟੀ ਦੀ ਨਿਰੋਲ ਜਿੰਮੇਵਾਰੀ ਸਬੰਧਿਤ ਸਕੂਲ ਮੁੱਖੀ ਅਤੇ ਸਬੰਧਿਤ ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ।

6. ਇੱਕ ਸਕੂਲ ਦੇ, ਆਮ ਬਦਲੀਆਂ ਪਾਲਸੀ ਦੀਆਂ ਸਾਰੀਆਂ ਸ਼ਰਤਾ ਪੂਰੀਆਂ ਕਰਨ ਵਾਲੇ ਚਾਹਵਾਨ ਬਿਨੈਕਾਰਾਂ ਦੇ ਸਾਰੇ ਬਿਨੈ ਪੱਤਰ (ਸਮੇਤ ਅਟੈਚਡ ਮਿਡਲ ਸਕੂਲ ਜੇਕਰ ਕੋਈ ਹੋਵੇ) ਇਕੱਠੇ ਸਕੂਲ ਮੁੱਖੀ ਰਾਹੀ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ ਲਏ ਜਾਣਗੇ। ਸਕੂਲ ਮੁੱਖੀ ਸਿਰਫ ਸ਼ਰਤਾਂ ਪੂਰੀਆ ਕਰਨ ਵਾਲੇ ਅਧਿਆਪਕਾਂ ਦੇ ਕੇਸ ਹੀ ਸ਼ਿਫਾਰਸ ਕਰਕੇ ਭੇਜਣ।

7. ਜਿਹੜੇ ਕਰਮਚਾਰੀ ਆਰਜ਼ੀ ਪ੍ਰਬੰਧ ਤੇ ਨਿਯੁਕਤ ਹਨ, ਉਨ੍ਹਾਂ ਦੇ ਬਦਲੀ ਲਈ ਬਿਨੈ ਪੱਤਰ ਉਨ੍ਹਾਂ ਦੇ ਪਿੱਤਰੀ ਸਕੂਲ / ਸੰਸਥਾ ਦੇ ਮੁੱਖੀ ਰਾਹੀਂ ਹੀ ਲਏ ਜਾਣਗੇ।

8. ਰਮਸਾ ਵਾਲੇ ਅਧਿਆਪਕ ਕੇਵਲ ਰਮਸਾ ਵਾਲੇ ਸਕੂਲ ਵਾਸਤੇ ਹੀ ਬਦਲੀ ਲਈ ਬਿਨੈ ਪੱਤਰ ਦੇ ਸਕਦੇ ਹਨ। ਐਸ.ਐਸ.ਏ ਸਕੂਲਾਂ ਵਿੱਚ ਸਿਰਫ ਐਸ.ਐਸ.ਏ ਅਧੀਨ ਕੰਮ ਕਰਦੇ ਕਰਮਚਾਰੀਆਂ ਦੀ ਬਦਲੀ ਹੋ ਸਕਦੀ ਹੈ। ਦਫਤਰ ਡੀ.ਜੀ.ਐਸ.ਈ ਅਧੀਨ ਆਉਂਦੇ ਸਮੂਹ ਕਰਮਚਾਰੀਆਂ ਦੇ ਬਿਨੈਪੱਤਰ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਡੀ.ਜੀ.ਐਸ.ਈ. ਦਫਤਰ ਵਿਖੇ ਜਮ੍ਹਾਂ ਕਰਵਾਏ ਜਾਣਗੇ।

9. ਨਿਮਨਲਿਖਤ ਕੈਟਾਗਿਰੀਆਂ ਨੂੰ ਤਿੰਨ ਸਾਲ ਦੀ ਠਹਿਰ ਵਾਲੀ ਸ਼ਰਤ ਤੋਂ ਛੋਟ ਦਿੱਤੀ ਜਾਵੇਗੀ:-

   ੳ. ਅੰਗਹੀਣ ਕਰਮਚਾਰੀ (ਸਬੂਤ ਵਜੋਂ ਸਵੈ ਤਸਦੀਕ ਸੀ.ਐਮ.ੳ ਦੁਆਰਾ ਜਾਰੀ ਸਰਟੀਫਿਕੇਟ ਦੀ ਫੋਟੋ ਕਾਪੀ ਨੱਥੀ ਕੀਤੀ ਜਾਵੇ)

   ਅ) ਵਿਧਵਾਵਾਂ/ਤਲਾਕਸ਼ੁਦਾ ਔਰਤਾਂ। (ਘਟਨਾ ਤੋ ਬਾਅਦ 3 ਸ਼ਾਲ ਤੱਕ ਸਿਰਫ ਇੱਕ ਵਾਰ ਹੀ ਠਹਿਰ ਤੋਂ ਛੋਟ ਦਿਤੀ ਜਾਵੇਗੀ)

   ੲ) ਨਵ-ਵਿਵਾਹਿਤ ਲੜਕੀ।(ਵਿਆਹ ਉਪਰੰਤ 3 ਸਾਲ ਤੱਕ ਸਿਰਫ ਇਕ ਵਾਰ ਹੀ ਠਹਿਰ ਤੋਂ ਛੋਟ ਲੈ ਸਕਦੀ ਹੈ)

   ਸ) ਕੁਆਰੀਆਂ ਲੜਕੀਆਂ। (ਨੋਕਰੀ ਵਿੱਚ ਨਿਯੁਕਤ ਹੋਣ ਉਪਰੰਤ 3 ਸਾਲ ਤੱਕ ਸਿਰਫ ਇਕ ਵਾਰ ਹੀ

ਠਹਿਰ ਤੋਂ ਛੋਟ ਲੈ ਸਕਦੀ ਹੈ)

ਹ) ਆਪਸੀ ਬਦਲੀ ਕੈਟਾਗਿਰੀ ਅਧੀਨ ਅਪਲਾਈ ਕਰਨ ਵਾਲੇ ਕਰਮਚਾਰੀ (3 ਸਾਲ ਤੱਕ ਸਿਰਫ ਇੱਕ ਵਾਰ ਠਹਿਰ ਤੋ ਛੋਟ ਲੈ ਸਕਦੇ ਹਨ। ਆਪਸੀ ਬਦਲੀ ਲਈ ਦੋਵਾਂ ਕਰਮਚਾਰੀਆਂ ਨੂੰ ਆਪਣੇ-2 ਸਕੂਲ ਮੁਖੀ ਰਾਹੀ ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ ਵਿਖੇ ਅਪਲਾਈ ਕਰਨਾ ਹੋਵੇਗਾ ਅਤੇ ਸਬੰਧਤ ਸਕੂਲ ਮੁਖੀ ਦੋਵਾਂ ਕਰਮਚਾਰੀਆਂ ਦਾ ਤਸਦੀਕ ਸ਼ੁਦਾ ਸਹਿਮਤੀ ਪੱਤਰ ਦਿੱਤੇ ਪ੍ਰੋਫਾਰਮੇ ਰਾਹੀ ਪ੍ਰਾਪਤ ਕਰਕੇ ਨਾਲ ਨੱਥੀ ਕਰੇਗਾ)।

ਉਪਰੋਕਤ ਤੋਂ ਇਲਾਵਾ ਹੋਰ ਕਿਸੇ ਵੀ ਟੀਚਿੰਗ / ਨਾਨ ਟੀਚਿੰਗ / ਪ੍ਰਬੰਧਕੀ ਅਮਲੇ ਨੂੰ ਤਿੰਨ ਸਾਲ ਦੀ ਠਹਿਰ ਤੋਂ ਛੋਟ ਨਹੀਂ ਹੈ।

10. ਨਿਮਨਲਿਖਤ ਲਿਖਿਤ ਕਰਮਚਾਰੀ ਆਪਸੀ ਬਦਲੀ ਕੈਟਾਗਿਰੀ ਅਧੀਨ ਠਹਿਰ ਤੋਂ ਛੋਟ ਲੈਣ ਦੇ ਯੋਗ ਨਹੀ ਹਨ :-

ੳ) ਜਿਸ ਕਰਮਚਾਰੀ ਦੀ 58 ਸਾਲ ਦੀ ਉਮਰ ਉਪਰੰਤ ਸੇਵਾ ਮੁਕਤੀ ਦੀ ਮਿਤੀ 31.07.2015 ਹੈ ਜਾਂ ਪਹਿਲਾਂ ਹੈ।

ਅ) ਉਹ ਕਰਮਚਾਰੀ ਜੋ ਡਿਊਟੀ ਤੋਂ ਗੈਰਹਾਜਰ ਹਨ।

ੲ) ਜਿਹਨਾ ਦੀ ਬਦਲੀ ਸ਼ਿਕਾਇਤ, ਸਜ਼ਾ ਜਾਂ ਪ੍ਰਬੰਧਕੀ ਅਧਾਰ ਤੇ ਵਿਭਾਗ ਵੱਲੋ ਕੀਤੀ ਗਈ ਹੋਵੇ।

ਸ) ਜਿਹਨਾ ਕਰਮਚਾਰੀਆ ਨੇ ਪਿਛਲੇ 3 ਸਾਲਾ (ਮਿਤੀ 01-08-2011 ਤੋ ਬਾਅਦ) ਦੌਰਾਨ ਇੱਕ ਵਾਰ ਆਪਸੀ ਬਦਲੀ ਕਰਵਾ ਲਈ ਹੋਵੇ।

11. ਬਦਲੀਆਂ ਦੇ ਚਾਹਵਾਨ ਕਰਮਚਾਰੀ ਬੇਨਤੀ ਪੱਤਰ ਵਿੱਚ ਆਪਣੀ ਬਦਲੀ ਲਈ ਵੱਧ ਤੋ ਵੱਧ ਪੰਜ ਸਟੇਸ਼ਨਾਂ ਲਈ ਆਪਸ਼ਨ ਭਰਨਗੇ। ਇਨ੍ਹਾਂ ਮੰਗੇ ਗਏ ਸਟੇਸ਼ਨਾਂ ਸਬੰਧੀ ਬੇਨਤੀਆਂ ਤੇ ਵਿਚਾਰ ਕੀਤਾ ਜਾਵੇਗਾ। ਪਰ ਇਸ ਦਾ ਮਤਲਬ ਇਹ ਨਹੀਂ ਕਿ ਬਿਨੈਕਾਰ ਦੀ ਬੇਨਤੀ ਨੂੰ ਹਰ ਹਾਲਤ ਵਿੱਚ ਮਨਜੂਰ ਕੀਤਾ ਜਾਵੇ, ਭਾਵ, ਪ੍ਰਬੰਧਕੀ ਕਾਰਨਾਂ ਕਰਕੇ ਲੌੜ ਅਨੁਸਾਰ ਕੋਈ ਵੀ ਸਟੇਸ਼ਨ ਦਿੱਤਾ ਜਾ ਸਕਦਾ ਹੈ।

12. ਬਿਨੈ ਪੱਤਰ ਵਿੱਚ ਮੰਗੇ ਗਏ 5 ਸਟੇਸਨਾਂ ਵਿੱਚੋ ਜੇਕਰ ਕਿਸੇ ਸਟੇਸ਼ਨ ਤੇ ਬਦਲੀ ਹੁੰਦੀ ਹੈ ਤਾਂ ਕਰਮਚਾਰੀ ਨੂੰ ਮਿੱਥੇ ਸਮੇ ਵਿੱਚ ਫਾਰਗ ਹੋ ਕੇ ਆਪਣੇ ਬਦਲੀ ਵਾਲੇ ਸਟੇਸ਼ਨ ਤੇ ਹਾਜਰ ਹੋਣਾ ਜਰੂਰੀ ਹੈ ਜੇਕਰ ਮਿਥਿਆ ਸਮਾਂ ਲੰਘ ਜਾਦਾਂ ਹੈ ਤਾਂ ਬਦਲੀ ਰੱਦ ਹੋ ਜਾਵੇਗੀ ਅਤੇ ਇਹ ਬਦਲੀ ਲਾਗੂ ਨਾ ਕਰਨ ਦੀ ਜਿੰਮੇਵਾਰੀ ਸਬੰਧਿਤ ਕਰਮਚਾਰੀ, ਸਕੂਲ ਮੁੱਖੀ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ।

13. ਇਸ ਸ਼ੈਸ਼ਨ ਦੌਰਾਨ ਕਰਮਚਾਰੀ ਆਪਣੀ ਬੇਨਤੀ ਤੇ ਸਿਰਫ ਇੱਕ ਵਾਰ ਹੀ ਬਦਲੀ ਕਰਵਾ ਸਕਦਾ ਹੈ ਅਤੇ ਜੇਕਰ ਉਸਦੀ ਦੁਬਾਰਾ ਬਦਲੀ ਹੋ ਵੀ ਜਾਂਦੀ ਹੈ ਤਾਂ ਇਹ ਦੂਜੀ ਬਦਲੀ ਲਾਗੂ ਨਾ ਕੀਤੀ ਜਾਵੇ। ਉਸਨੂੰ ਫਾਰਗ ਹੋਣ ਤੋਂ ਰੋਕਣ ਅਤੇ ਬਦਲੀ ਰੱਦ ਕਰਨ ਦੀ ਸਿਫਾਰਸ਼ ਕਰਨ ਦੀ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਅਤੇ ਜ਼ਿਲਾ ਸਿੱਖਿਆ ਅਫਸਰ ਦੀ ਹੋਵੇਗੀ।

14. ਆਮ ਬਦਲੀਆ ਪਾਲਸੀ ਦੀਆਂ ਸ਼ਰਤਾ ਨਾ ਪੂਰੀਆਂ ਕਰਨ ਵਾਲੇ ਕਰਮਚਾਰੀਆਂ ਦੇ ਬਿਨੈ ਪੱਤਰ ਤਸਦੀਕ ਕਰਨ ਵਾਲੇ ਸਕੂਲ ਮੁਖੀ ਅਤੇ ਬਿਨੈ ਪੱਤਰ ਪ੍ਰਾਪਤ ਕਰਨ ਵਾਲੇ ਜਿਲ੍ਹਾ ਸਿੱਖਿਆ ਅਫਸਰ ਜਾਂ ਵਿਭਾਗੀ ਅਧਿਕਾਰੀ ਵਿਰੁੱਧ ਵਿਭਾਗੀ ਕਾਰਵਾਈ ਕੀਤੀ ਜਾਵੇ।

15. ਪ੍ਰਾਇਮਰੀ ਵਿਚ ਘੱਟ ਤੋਂ ਘੱਟ ਦੋ ਅਧਿਆਪਕ ਜ਼ਰੂਰੀ ਹਨ। ਇਸ ਲਈ ਪ੍ਰਾਇਮਰੀ ਵਿਭਾਗ ਦੀਆ ਬਦਲੀਆਂ ਲਾਗੂ ਕਰਨ ਸਮੇਂ ਇਸ ਨੂੰ ਜਰੂਰ ਵੇਖ ਲਿਆ ਜਾਵੇ।

16. ਪ੍ਰਾਇਮਰੀ ਵਿਭਾਗ ਦੀਆ ਬਦਲੀਆਂ ਜਿਲ੍ਹਾ ਪੱਧਰ ਤੇ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਅਤੇ ਅੰਤਰ ਜਿਲ੍ਹੇ ਦੀਆ ਬਦਲੀਆਂ ਡੀ.ਪੀ.ਆਈ. (ਐ) ਪੱਧਰ ਤੇ ਹੋਣਗੀਆ।

17. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ / ਐ.ਸਿੱ) ਸਾਰੀਆਂ ਬਦਲੀਆਂ ਦੇ ਬਿਨੈਪੱਤਰਾਂ ਦੇ ਵੇਰਵਿਆਂ ਦੀ ਸਾਫਟ ਕਾਪੀ ਸਟੇਟ ਦਫਤਰ ਵੱਲੋਂ ਭੇਜੇ ਗਏ ਐਕਸਲ ਪ੍ਰੋਫਾਰਮੇ ਵਿੱਚ ਭਰਕੇ ਸਬੰਧਤ ਦਫਤਰ ਡੀ.ਜੀ.ਐਸ.ਈ. / ਡੀ.ਪੀ.ਆਈ. (ਸੈ.ਸਿੱ./ ਐ.ਸਿੱ) ਨੂੰ ਭੇਜਣਗੇ।

18. ਬਦਲੀਆਂ ਨਿਯਮਾਂ (Policy) ਅਨੁਸਾਰ ਕੀਤੀਆਂ ਜਾਣਗੀਆਂ, ਪਰ ਸਜਾ ਦੇ ਮਾਮਲੇ ਅਧੀਨ / ਘੱਟ ਨਤੀਜਿਆਂ ਕਾਰਨ/ ਸ਼ਿਕਾਇਤ/ਨਾਨ-ਪ੍ਰਫਾਰਮੈਂਸ/ ਵਿਭਾਗੀ ਡਿਊਟੀ ਵਿੱਚ ਕੁਤਾਹੀ ਕਾਰਨ/ਪ੍ਰਬੰਧਕੀ ਕਾਰਨਾਂ ਜਾਂ ਲੋਕ ਹਿੱਤ ਜਾਂ ਹੋਰ ਕਾਰਨਾਂ ਕਰਕੇ ਵੀ ਉਨ੍ਹਾਂ ਦੀ ਬਦਲੀ ਵਿਭਾਗ ਵਲੋਂ ਕੀਤੀ ਜਾ ਸਕਦੀ ਹੈ।

**ਅੰਜਲੀ ਭਾਵੜਾ**
**ਪ੍ਰਮੁੱਖ ਸਕੱਤਰ ਸਕੂਲ ਸਿੱਖਿਆ**
**ਪੰਜਾਬ**

**ਪਿ.ਅੰ.ਨੰ.** ਸਟੈਨੋ/ਡੀ.ਡੀ.ਐਸ.ਏ/ਬਦਲੀ/ਸਪੈਸ਼ਲ-1 **ਮਿਤੀ:** 16.05.2014

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(1) ਨਿੱਜੀ ਸਕੱਤਰ, ਸਿੱਖਿਆ ਮੰਤਰੀ, ਪੰਜਾਬ।

(2) ਨਿੱਜੀ ਸਕੱਤਰ, ਸੰਸਦੀ ਸਕੱਤਰ ਸਿੱਖਿਆ, ਪੰਜਾਬ।

(3) ਨਿੱਜੀ ਸਕੱਤਰ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।

(4) ਪੀ.ਏ. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

(5) ਪੀ.ਏ., ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।

(6) ਪੀ.ਏ., ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।

(7) ਪੀ.ਏ. ਡਾਇਰੈਕਟਰ, ਐੱਸ.ਸੀ.ਈ.ਆਰ.ਟੀ., ਪੰਜਾਬ।

(8) ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।

(9) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ./ਐ. ਸਿੱ), ਪੰਜਾਬ।

**ਡਿਪਟੀ ਡਾਇਰੈਕਟਰ (ਸ.ਪ੍ਰ)**
**ਪੰਜਾਬ**